ਪੰਜਾਬ ਸਰਕਾਰ ਗਜ਼ਟ
ਅਸਾਧਾਰਣ
*ਅਥਾਰਟੀ ਦੁਆਰਾ ਪ੍ਰਕਾਸ਼ਿਤ*

ਚੰਡੀਗੜ੍ਹ, ਮੰਗਲਵਾਰ, ਜੂਨ 20, 2023

(ਜੇਠ 30, 1945 ਸਾਕਾ)

# ਪੰਜਾਬ ਵਿਧਾਨ ਸਭਾ ਸਕੱਤਰੇਤ

ਅਧਿਸੂਚਨਾ

20 ਜੂਨ, 2023

**ਨੰ.11-ਪੀ.ਐਲ.ਏ.**-2023/36.-ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਸੋਧ ਬਿੱਲ, 2023 ਪੰਜਾਬ ਵਿਧਾਨ ਸਭਾ ਵਿੱਚ ਪ੍ਰਕਿਰਿਆ ਅਤੇ ਕਾਰਜ ਸੰਚਾਲਨ ਦੇ ਨਿਯਮ 121 ਦੇ ਉਪਬੰਧ ਦੇ ਤਹਿਤ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ।:-

## ਬਿਲ ਨੰ.11-ਪੀ.ਐਲ.ਏ.-2023

ਪੰਜਾਬ ਐਫੀਲੀਏਟਿਡ ਕਾਲਜਿਜ਼

(ਸੇਵਾ ਦੀ ਸੁਰੱਖਿਆ) ਸੋਧ ਬਿੱਲ, 2023

ਐਜੂਕੇਸ਼ਨਲ ਟ੍ਰਿਬਿਊਨਲ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਅਤੇ ਇਸ ਸੰਬੰਧੀ ਉਪਬੰਧਾਂ ਨੂੰ ਕੇਂਦਰ ਜਾਂ ਰਾਜ ਪ੍ਰਬੰਧਕੀ ਟ੍ਰਿਬਿਊਨਲ ਦੇ ਕੰਮਕਾਜ ਨੂੰ ਪ੍ਰਸ਼ਾਸਿਤ ਕਰਨ ਵਾਲੇ ਉਪਬੰਧਾਂ ਦੇ ਅਨੁਕੂਲ ਬਣਾਉਣ ਲਈ ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਐਕਟ, 1974 ਵਿੱਚ ਹੋਰ ਸੋਧ ਕਰਨ ਹਿਤ

ਇੱਕ ਬਿੱਲ।

ਇਸ ਨੂੰ ਭਾਰਤੀ ਗਣਰਾਜ ਦੇ ਚੁਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਨਿਮਨ ਅਨੁਸਾਰ ਲਾਗੂ ਕੀਤਾ ਜਾਵੇ:-

1. (1) ਇਸ ਐਕਟ ਨੂੰ ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਸੋਧ ਐਕਟ, 2023 ਕਿਹਾ ਜਾਵੇਗਾ। ਸੰਖੇਪ ਸਿਰਲੇਖ ਅਤੇ ਸੁਰੂਆਤ

(2) ਇਹ ਐਕਟ ਅਜਿਹੀ ਮਿਤੀ ਤੋਂ ਲਾਗੂ ਹੋਵੇਗਾ, ਜੋ ਪੰਜਾਬ ਸਰਕਾਰ ਵੱਲੋਂ ਅਧਿਸੂਚਨਾ ਰਾਹੀਂ ਸਰਕਾਰੀ ਗਜ਼ਟ ਵਿਚ ਨਿਰਧਾਰਿਤ ਕੀਤੀ ਜਾਵੇਗੀ।

1974 ਦੇ ਪੰਜਾਬ ਐਕਟ ਨੰ. 23 ਦੀ ਧਾਰਾ 7 ਏ ਵਿਚ ਸੋਧ

2. ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਐਕਟ, 1974 (ਇਸਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ), ਦੀ ਧਾਰਾ 7-ਏ ਵਿਚ,-

(ੳ) ਉਪ-ਧਾਰਾ (7)ਨੂੰ ਨਿਮਨ ਉਪ-ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"(7) (i) ਜੇਕਰ ਚੇਅਰਮੈਨ ਜਾਂ ਮੈਂਬਰ ਦੇ ਦਫ਼ਤਰ ਵਿੱਚ ਅਸਥਾਈ ਗੈਰ-ਹਾਜ਼ਰੀ ਤੋਂ ਇਲਾਵਾ ਕੋਈ ਅਸਾਮੀ ਖਾਲੀ ਹੁੰਦੀ ਹੈ, ਤਾਂ ਰਾਜ ਸਰਕਾਰ ਇਸ ਧਾਰਾ ਦੇ ਉਪਬੰਧਾਂ ਦੇ ਅਨੁਸਾਰ ਖਾਲੀ ਅਸਾਮੀ ਨੂੰ ਭਰਨ ਲਈ ਕਿਸੇ ਹੋਰ ਵਿਅਕਤੀ ਦੀ ਨਿਯੁਕਤੀ ਕਰੇਗੀ।

(ii) ਉਪ-ਧਾਰਾ (15) ਦੇ ਉਪਬੰਧਾਂ ਦੇ ਤਹਿਤ, ਚੇਅਰਮੈਨ ਅਤੇ ਘੱਟੋ-ਘੱਟ ਇੱਕ ਹੋਰ ਮੈਂਬਰ ਜਾਂ ਚੇਅਰਮੈਨ ਦੀ ਅਸਾਮੀ ਖਾਲੀ ਹੋਣ ਦੀ ਸਥਿਤੀ ਵਿੱਚ, ਦੋ ਮੈਂਬਰ ਐਜੂਕੇਸ਼ਨਲ ਟ੍ਰਿਬਿਊਨਲ ਦਾ ਢੁੱਕਵਾਂ ਕੋਰਮ ਬਣਾਉਣਗੇ:

ਬਸ਼ਰਤੇ ਕਿ ਜੇਕਰ ਚੇਅਰਮੈਨ ਦਾ ਅਹੁਦਾ ਖਾਲੀ ਹੈ ਪਰ ਅਸਥਾਈ ਅਸਾਮੀ ਵੱਲੋਂ ਨਹੀਂ, ਤਾਂ ਉਪ-ਧਾਰਾ (5) ਨਾਲ ਪੜ੍ਹੀ ਜਾਣ ਵਾਲੀ ਉਪ-ਧਾਰਾ (3) ਤਹਿਤ ਨਿਯੁਕਤ ਕੀਤਾ ਗਿਆ ਮੈਂਬਰ ਅਜਿਹੀ ਖਾਲੀ ਅਸਾਮੀ ਦੀ ਮਿਆਦ ਦੌਰਾਨ ਚੇਅਰਮੈਨ ਦੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ।

(iii) ਐਜੂਕੇਸ਼ਨਲ ਟ੍ਰਿਬਿਊਨਲ ਦੀ ਕੋਈ ਵੀ ਕਾਰਵਾਈ ਕੇਵਲ ਚੇਅਰਮੈਨ ਜਾਂ ਮੈਂਬਰ ਦੇ ਦਫ਼ਤਰ ਵਿਚ ਅਸਾਮੀ ਖਾਲੀ ਹੋਣ ਕਾਰਨ ਅਯੋਗ ਨਹੀਂ ਹੋਵੇਗੀ।";

(ਅ) ਉਪ-ਧਾਰਾ (11) ਵਿੱਚ, "ਕੋਡ ਆਫ ਸਿਵਲ ਪ੍ਰੋਸੀਜਰ, 1908" ਦੇ ਸ਼ਬਦਾਂ, ਚਿੰਨ੍ਹਾਂ ਅਤੇ ਅੰਕੜਿਆਂ ਨੂੰ, "ਕੋਡ ਆਫ ਸਿਵਲ ਪ੍ਰੋਸੀਜਰ, 1908, ਆਪਣੇ ਹੁਕਮ ਦੀ ਸਮੀਖਿਆ ਦੀ ਸ਼ਕਤੀ ਸਮੇਤ" ਸ਼ਬਦਾਂ, ਚਿੰਨ੍ਹਾਂ ਅਤੇ ਅੰਕੜਿਆਂ ਨਾਲ ਬਦਲਿਆ ਜਾਵੇਗਾ;

(ੲ) ਉਪ-ਧਾਰਾ (13) ਨੂੰ, ਨਿਮਨ ਦਰਜ ਉਪ-ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"(13) ਇਸਦੇ ਆਪਣੇ ਹੁਕਮਾਂ ਦੀ ਸਮੀਖਿਆ ਦੀ ਸ਼ਕਤੀ ਦੇ ਤਹਿਤ, ਐਜੂਕੇਸ਼ਨਲ ਟ੍ਰਿਬਿਊਨਲ ਦੇ ਹੁਕਮ ਅੰਤਿਮ ਹੋਣਗੇ।"; ਅਤੇ

(ਸ) ਉਪ-ਧਾਰਾ (14) ਨੂੰ, ਨਿਮਨ ਦਰਜ ਉਪ-ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"(14) (i) ਜਿੱਥੇ ਐਜੂਕੇਸ਼ਨਲ ਟ੍ਰਿਬਿਊਨਲ ਦੁਆਰਾ ਕੀਤੇ ਗਏ ਹੁਕਮਾਂ ਦੇ ਤਹਿਤ ਕਿਸੇ ਵੀ ਵਿਅਕਤੀ ਵੱਲ ਕੋਈ ਰਕਮ ਬਕਾਇਆ ਹੈ, ਤਾਂ ਰਕਮ ਦਾ ਹੱਕਦਾਰ ਵਿਅਕਤੀ ਐਜੂਕੇਸ਼ਨਲ ਟ੍ਰਿਬਿਊਨਲ ਨੂੰ ਬਿਨੈ-ਪੱਤਰ ਦੇ ਸਕਦਾ ਹੈ ਅਤੇ ਐਜੂਕੇਸ਼ਨਲ ਟ੍ਰਿਬਿਊਨਲ ਉਸ ਵਿਅਕਤੀ, ਜਿਸ ਤੋਂ ਅਜਿਹੀ ਰਕਮ ਵਸੂਲੀਯੋਗ ਹੈ, ਦੇ ਬੈਂਕ ਖਾਤੇ ਨੂੰ ਅਟੈਚ ਕਰਨ ਦਾ ਹੁਕਮ ਦੇ ਸਕਦਾ ਹੈ ਅਤੇ ਸਬੰਧਤ ਬੈਂਕ ਨੂੰ ਅਟੈਚ ਕੀਤੇ ਬੈਂਕ ਖਾਤੇ ਵਿੱਚੋਂ ਸਾਰੀਆਂ ਅਦਾਇਗੀਆਂ ਰੋਕਣ ਲਈ ਨਿਰਦੇਸ਼ ਦੇ ਸਕਦਾ ਹੈ।

(ii) ਜੇਕਰ ਉਹ ਵਿਅਕਤੀ ਜਿਸ ਵੱਲ ਰਕਮ ਬਕਾਇਆ ਹੈ ਜਾਂ ਵਸੂਲੀ ਯੋਗ ਹੈ, ਅਟੈਚਮੈਂਟ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਅਜਿਹੀ ਰਕਮ ਪ੍ਰਾਪਤ ਕਰਨ ਦੇ ਹੱਕਦਾਰ ਵਿਅਕਤੀ ਨੂੰ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਕੁਤਾਹੀ ਕਰਦਾ ਹੈ, ਤਾਂ ਐਜੂਕੇਸ਼ਨਲ ਟ੍ਰਿਬਿਊਨਲ ਬੈਂਕ ਨੂੰ ਧਾਰਾ (i) ਦੇ ਤਹਿਤ ਅਟੈਚ ਕੀਤੇ ਬੈਂਕ ਖਾਤੇ ਵਿੱਚ ਉਪਲਬਧ ਬਕਾਇਆ ਰਕਮ ਵਿੱਚੋਂ ਹੱਕਦਾਰ ਧਿਰ ਨੂੰ ਬਕਾਇਆ ਰਕਮ ਦਾ ਭੁਗਤਾਨ ਕਰਨ ਲਈ ਨਿਰਦੇਸ਼ ਦੇ ਸਕਦਾ ਹੈ ਅਤੇ ਅਜਿਹੀ ਰਕਮ ਜਮ੍ਹਾ ਕਰਨ 'ਤੇ ਅਟੈਚਮੈਂਟ ਵੈਕੇਟ ਹੋ ਜਾਵੇਗੀ।

(iii) ਜੇਕਰ ਐਜੂਕੇਸ਼ਨਲ ਟ੍ਰਿਬਿਊਨਲ ਨੂੰ ਲੱਗਦਾ ਹੈ ਕਿ ਧਾਰਾ (i) ਅਤੇ (ii) ਦੇ ਤਹਿਤ ਕਿਸੇ ਵਿਅਕਤੀ ਤੋਂ ਬਕਾਇਆ ਰਕਮ ਦੀ ਵਸੂਲੀ ਕਰਨਾ ਵਿਵਹਾਰਕ ਜਾਂ ਸੁਵਿਧਾਜਨਕ ਨਹੀਂ ਹੈ, ਤਾਂ ਇਹ ਉਕਤ ਰਕਮ ਲਈ ਜ਼ਿਲ੍ਹੇ ਦੇ ਕੁਲੈਕਟਰ ਨੂੰ ਸਰਟੀਫਿਕੇਟ ਜਾਰੀ ਕਰ ਸਕਦਾ ਹੈ ਅਤੇ ਕੁਲੈਕਟਰ ਜ਼ਮੀਨੀ ਮਾਲੀਏ ਦੇ ਬਕਾਏ ਵਾਂਗ ਹੀ ਰਕਮ ਦੀ ਵਸੂਲੀ ਕਰਨ ਲਈ ਕਾਰਵਾਈ ਕਰੇਗਾ।

(15) (i) ਇਸ ਧਾਰਾ ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਚੇਅਰਮੈਨ ਦੁਆਰਾ ਚੇਅਰਮੈਨ ਅਤੇ ਇੱਕ ਮੈਂਬਰ ਜਾਂ ਦੋ ਮੈਂਬਰਾਂ ਵਾਲੇ ਬੈਂਚਾਂ ਦਾ ਗਠਨ ਕੀਤਾ ਜਾ ਸਕਦਾ ਹੈ ਜਿਸ ਨੂੰ ਡਬਲ ਬੈਂਚ ਜਾਂ ਚੇਅਰਮੈਨ ਜਾਂ ਇੱਕ ਮੈਂਬਰ ਦਾ ਸਿੰਗਲ ਬੈਂਚ ਕਿਹਾ ਜਾਵੇਗਾ, ਅਤੇ ਇਹ ਆਮ ਜਾਂ ਵਿਸ਼ੇਸ਼ ਆਦੇਸ਼ ਪਾਸ ਕਰਕੇ ਅਜਿਹੇ ਬੈਂਚਾਂ ਨੂੰ ਵਰਗ ਜਾਂ ਵਰਗਾਂ ਦੀਆਂ ਸ਼੍ਰੇਣੀਆਂ ਦੇ ਅਜਿਹੇ

ਮਾਮਲਿਆਂ ਨੂੰ ਬੈਂਚਾਂ ਵਿਚਕਾਰ ਸੌਂਪ ਜਾਂ ਮੁੜ-ਸੌਂਪ ਸਕਦਾ ਹੈ ਜਾਂ ਟ੍ਰਾਂਸਫਰ ਕਰ ਸਕਦਾ ਹੈ ਅਤੇ ਅਜਿਹੇ ਬੈਂਚ ਐਜੂਕੇਸ਼ਨਲ ਟ੍ਰਿਬਿਊਨਲ ਦੇ ਅਧਿਕਾਰ ਖੇਤਰ, ਸ਼ਕਤੀਆਂ ਅਤੇ ਅਧਿਕਾਰਾਂ ਦੀ ਵਰਤੋਂ ਕਰਨਗੇ।

(ii) ਐਜੂਕੇਸ਼ਨਲ ਟ੍ਰਿਬਿਊਨਲ ਦੇ ਪੂਰੇ ਬੈਂਚ ਦਾ ਕੋਰਮ ਉਪ-ਧਾਰਾ (7) ਦੇ ਅਨੁਸਾਰ ਨਿਰਧਾਰਿਤ ਕੀਤਾ ਜਾਵੇਗਾ।

(iii) ਜੇਕਰ ਕਿਸੇ ਕੇਸ ਜਾਂ ਮਾਮਲੇ ਦੀ ਸੁਣਵਾਈ ਦੇ ਕਿਸੇ ਪੜਾਅ 'ਤੇ ਸਿੰਗਲ ਬੈਂਚ ਨੂੰ ਢੁਕਵਾਂ ਜਾਪਦਾ ਹੈ ਅਤੇ ਇਹ ਚੇਅਰਮੈਨ ਕੋਲ ਭੇਜਦਾ ਹੈ ਕਿ ਇਸ ਕੇਸ ਜਾਂ ਮਾਮਲੇ ਦੀ ਕਿਸਮ ਅਜਿਹੀ ਹੈ ਕਿ ਇਸ ਦੀ ਸੁਣਵਾਈ ਫੁੱਲ ਬੈਂਚ ਜਾਂ ਕਿਸੇ ਹੋਰ ਸਿੰਗਲ ਬੈਂਚ ਕੋਲ ਹੋਣੀ ਚਾਹੀਦੀ ਹੈ, ਤਾਂ ਚੇਅਰਮੈਨ, ਜਿਵੇਂ ਠੀਕ ਸਮਝੇ, ਅਜਿਹੇ ਕੇਸ ਜਾਂ ਮਾਮਲੇ ਨੂੰ ਅਜਿਹੇ ਕਿਸੇ ਹੋਰ ਸਿੰਗਲ ਬੈਂਚ ਜਾਂ ਫੁੱਲ ਬੈਂਚ ਨੂੰ ਟ੍ਰਾਂਸਫਰ ਕਰ ਸਕਦਾ ਹੈ।

(iv) ਜੇਕਰ ਕੋਈ ਕੇਸ ਇੱਕ ਬੈਂਚ ਤੋਂ ਦੂਜੇ ਬੈਂਚ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ, ਤਾਂ ਅਜਿਹੇ ਦੂਜੇ ਬੈਂਚ ਦੇ ਸਾਹਮਣੇ ਕਾਰਵਾਈ ਉਸ ਪੜਾਅ ਤੋਂ ਜਾਰੀ ਰਹੇਗੀ ਜਿਸ ਪੜਾਅ 'ਤੇ ਉਹ ਪ੍ਰਾਪਤ ਹੋਏ ਹਨ।"

3. ਪ੍ਰਿੰਸੀਪਲ ਐਕਟ ਵਿੱਚ, ਧਾਰਾ 7-ਸੀ ਤੋਂ ਬਾਅਦ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਮਾਣਹਾਨੀ ਤੇ ਸਜ਼ਾ ਦੀਆਂ ਸ਼ਕਤੀਆਂ

1974 ਦੇ ਪੰਜਾਬ ਐਕਟ ਨੰ. 23 ਵਿਚ ਨਵੀਂ ਧਾਰਾ 7-ਡੀ ਸ਼ਾਮਲ ਕਰਨਾ

"7-ਡੀ- ਐਜੂਕੇਸ਼ਨਲ ਟ੍ਰਿਬਿਊਨਲ ਕੋਲ ਆਪਣੇ ਆਪ ਦੀ ਮਾਣਹਾਨੀ ਦੇ ਸਬੰਧ ਵਿੱਚ ਉਹੀ ਅਧਿਕਾਰ ਖੇਤਰ, ਸ਼ਕਤੀਆਂ ਅਤੇ ਅਧਿਕਾਰ ਹੋਣਗੇ, ਜੋ ਹਾਈਕੋਰਟ ਕੋਲ ਹਨ ਅਤੇ ਉਹ ਇਨ੍ਹਾਂ ਦੀ ਵਰਤੋਂ ਕਰ ਸਕਦਾ ਹੈ, ਅਤੇ ਇਸ ਮੰਤਵ ਲਈ, ਅਦਾਲਤਾਂ ਦੀ ਮਾਣਹਾਨੀ ਐਕਟ, 1971 (1971 ਦਾ 70) ਦੇ ਉਪਬੰਧ ਇਸ ਸੋਧ ਦੇ ਅਧੀਨ ਪ੍ਰਭਾਵੀ ਹੋਣਗੇ ਕਿ ਇਸ ਵਿੱਚ ਹਾਈ ਕੋਰਟ ਦੇ ਹਵਾਲੇ ਨੂੰ ਐਜੂਕੇਸ਼ਨਲ ਟ੍ਰਿਬਿਊਨਲ ਦੇ ਹਵਾਲੇ ਸਮੇਤ ਸਮਝਿਆ ਜਾਵੇਗਾ"।

# ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

1. ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ), ਐਕਟ 1974 ਰਾਜ ਸਰਕਾਰ ਦੁਆਰਾ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਕਰਮਚਾਰੀਆਂ ਨੂੰ ਸੇਵਾ ਦੀ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਸੀ। ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਐਕਟ, 1974 ਦੇ ਤਹਿਤ ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਦਾ ਗਠਨ ਕੀਤਾ ਗਿਆ ਹੈ ਅਤੇ ਨਿੱਜੀ ਤੌਰ 'ਤੇ ਪ੍ਰਬੰਧਿਤ ਐਫੀਲੀਏਟਿਡ ਕਾਲਜਾਂ ਦੇ ਕਰਮਚਾਰੀਆਂ ਅਤੇ ਪ੍ਰਬੰਧਕਾਂ ਵਿਚਕਾਰ ਝਗੜੇ ਇਸਦੇ ਅਧਿਕਾਰ ਖੇਤਰ ਅਧੀਨ ਆਉਂਦੇ ਹਨ। ਇਹ ਮਹਿਸੂਸ ਕੀਤਾ ਗਿਆ ਹੈ ਕਿ ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਨੂੰ ਇਸ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਵਧੇਰੇ ਸ਼ਕਤੀਆਂ ਪ੍ਰਦਾਨ ਕਰਕੇ ਪ੍ਰਾਈਵੇਟ ਏਡਿਡ ਕਾਲਜਾਂ ਅਤੇ ਸਕੂਲਾਂ ਦੇ ਪ੍ਰਬੰਧਕਾਂ ਅਤੇ ਕਰਮਚਾਰੀਆਂ ਵਿਚਕਾਰ ਝਗੜਿਆਂ ਨੂੰ ਹੱਲ ਕਰਨ ਲਈ ਇੱਕ ਪ੍ਰਭਾਵਸ਼ਾਲੀ ਸੰਸਥਾ ਬਣਾਉਣ ਲਈ ਹੋਰ ਸ਼ਕਤੀਆਂ ਪ੍ਰਦਾਨ ਕੀਤੇਜਾਣ ਦੀ ਲੋੜ ਹੈ। ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਐਕਟ, 1974 ਜੋ ਕਿ 'ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ' ਦਾ ਗਵਰਨਿੰਗ ਕਾਨੂੰਨ ਹੈ, ਵਿੱਚ ਮਾਣਹਾਨੀ ਦੀ ਸਜ਼ਾ ਦਾ ਕੋਈ ਉਪਬੰਧ ਨਹੀਂ ਹੈ। ਮਾਣਹਾਨੀ ਸ਼ਕਤੀਆਂ ਦੀ ਅਣਹੋਂਦ ਕਾਰਨ 1974 ਦੇ ਐਕਟ ਦੇ ਅਧੀਨ ਆਉਂਦੇ ਮਾਨਤਾ ਪ੍ਰਾਪਤ ਕਾਲਜਾਂ ਦੇ ਕਰਮਚਾਰੀਆਂ ਅਤੇ 1979 ਦੇ ਐਕਟ ਅਧੀਨ ਕਵਰ ਕੀਤੇ ਗਏ ਪ੍ਰਾਈਵੇਟ ਤੌਰ 'ਤੇ ਪ੍ਰਬੰਧਿਤ ਮਾਨਤਾ ਪ੍ਰਾਪਤ ਸਕੂਲਾਂ ਨੂੰ 'ਪ੍ਰਸ਼ਾਸਕੀ ਟ੍ਰਿਬਿਊਨਲ ਐਕਟ, 1985' ਦੇ ਅਧੀਨ ਕਵਰ ਕੀਤੇ ਗਏ ਸਕੂਲਾਂ ਦੀ ਤੁਲਨਾ ਵਿੱਚ ਇੱਕ ਸਪੱਸ਼ਟ ਨੁਕਸਾਨ ਹੁੰਦਾ ਹੈ।
2. ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਸੋਧ ਐਕਟ 2007 ਦੇ ਅਨੁਸਾਰ ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ, ਇੱਕ ਬਹੁ-ਮੈਂਬਰੀ ਸੰਸਥਾ ਹੈ ਅਤੇ ਇਸ ਵਿੱਚ ਇੱਕ ਚੇਅਰਮੈਨ ਅਤੇ ਦੋ ਮੈਂਬਰ ਹੁੰਦੇ ਹਨ। ਐਪਰ, ਇਹ ਐਕਟ ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਦੇ ਕੋਰਮ ਦਾ ਉਪਬੰਧ ਨਹੀਂ ਕਰਦਾ ਹੈ। ਇਸ ਤਰ੍ਹਾਂ, ਕੋਰਮ ਸਬੰਧੀ ਸਥਿਤੀ ਅਸਪਸ਼ਟ ਹੈ, ਜਿਸ ਨੂੰ ਸਪੱਸ਼ਟ ਕਰਨ ਦੀ ਲੋੜ ਹੈ।
3. ਇਸ ਤੋਂ ਇਲਾਵਾ, ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਇੱਕ ਪੂਰੀ ਸੰਸਥਾ ਵਜੋਂ ਕੰਮ ਕਰਦਾ ਹੈ ਅਤੇ ਇਸ ਲਈ ਕਿਸੇ ਵੀ ਮੈਂਬਰ ਦੀ ਗੈਰਹਾਜ਼ਰੀ ਟ੍ਰਿਬਿਊਨਲ ਦੇ ਕੰਮਕਾਜ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਕੇਸਾਂ ਦੇ ਫੈਸਲੇ ਵਿੱਚ ਦੇਰੀ ਹੁੰਦੀ ਹੈ ਅਤੇ ਮੁਕੱਦਮਾ ਕਰਨ ਵਾਲਿਆਂ ਨੂੰ ਅਸੁਵਿਧਾ ਹੁੰਦੀ ਹੈ। ਇਸ ਲਈ ਟ੍ਰਿਬਿਊਨਲ ਦੇ ਅੰਦਰ ਬੈਂਚਾਂ ਦੇ ਗਠਨ ਦੀ ਵਿਵਸਥਾ ਕਰਨ ਦੀ ਲੋੜ ਹੈ ਤਾਂ ਜੋ ਇਸ ਕੋਲ ਦਾਇਰ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕੀਤਾ ਜਾ ਸਕੇ।
4. ਇਸ ਲਈ, "ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਨਾਲ ਸਬੰਧਤ ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ), ਐਕਟ 1974 ਦੇ ਉਪਬੰਧਾਂ ਵਿੱਚ ਸੋਧ" ਨੂੰ ਲਾਗੂ ਕਰਨ ਲਈ ਉਪਬੰਧ ਕਰਨਾ ਉਚਿਤ ਹੋਵੇਗਾ।

**ਹਰਜੋਤ ਸਿੰਘ ਬੈਂਸ**
ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ, ਪੰਜਾਬ।

-----------------------

ਰਾਮ ਲੋਕ ਖਟਾਣਾ,
ਸਕੱਤਰ

ਚੰਡੀਗੜ੍ਹ:
20 ਜੂਨ, 2023

ਨੋਟ- "ਪੰਜਾਬ ਐਫੀਲੀਏਟਿਡ ਕਾਲਜਿਜ਼ (ਸੇਵਾ ਦੀ ਸੁਰੱਖਿਆ) ਸੋਧ ਬਿੱਲ, 2023" ਦੇ ਅੰਗਰੇਜ਼ੀ ਅਤੇ ਪੰਜਾਬੀ ਸੰਸਕਰਣਾਂ ਵਿੱਚ ਕਿਸੇ ਸ਼ਬਦ ਅਤੇ ਨੁਕਤੇ ਵਿੱਚ ਅੰਤਰ ਹੋਣ/ਅਰਥ ਸਪੱਸ਼ਟ ਨਾ ਹੋਣ ਅਤੇ ਮਤਭੇਦ ਹੋਣ ਦੀ ਸੂਰਤ ਵਿੱਚ ਅੰਗਰੇਜ਼ੀ ਸੰਸਕਰਣ ਨੂੰ ਸਹੀ ਮੰਨਣਾ ਯੋਗ ਹੋਵੇਗਾ।